The Sikh Spokesman Newspaper - 27 December, 2013 - 2 January, 2014 B-8

ਪੰਥ ਦੋਖੀ ਤੇ ਦੁਸ਼ਮਣ ਕੌਣ ਹਨ ਅਤੇ ਪੰਥ ਹਿਤੈਸ਼ੀ ਕੌਣ ?

ਕਿਰਪਾਲ ਸਿੰਘ
ਬਠਿੰਡਾ
ਮੋਬ: 9855480797

ਕਿਸੇ ਸਮੇਂ ਅਕਾਲ ਤਖ਼ਤ ਦੀ ਹੈਸੀਅਤ ਅਤੇ ਇੱਥੋਂ ਲਏ ਪੰਥਕ ਫੈਸਲਿਆਂ ਨੂੰ ਬਹੁਤ ਹੀ ਅਹਿਮੀਅਤ ਦਿੱਤੀ ਜਾਂਦੀ ਸੀ। ਉਸ ਦਾ ਕਾਰਣ ਸੀ ਕਿ ਉਸ ਸਮੇਂ ਅਕਾਲ ਤਖ਼ਤ ਕਿਸੇ ਇਕ ਧੜੇ ਦੀ ਮਲਕੀਅਤ ਨਹੀਂ ਸੀ ਜਿਵੇਂ ਕਿ ਅੱਜ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧੜੇ ਨੇ ਇਸ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰਕੇ ਕੇਵਲ ਤੇ ਕੇਵਲ ਆਪਣੇ ਸਿਆਸੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ। ਉਸ ਸਮੇਂ ਅਕਾਲ ਤਖ਼ਤ ਦੇ ਫੈਸਲੇ ਲੈਣ ਦਾ ਅਧਿਕਾਰ ਕੇਵਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ/ਬੋਰਡਾਂ ਦੇ ਤਨਖ਼ਾਹਦਾਰ ਮੁਲਾਜ਼ਮਾਂ; ਜਿਨ੍ਹਾਂ ਨੂੰ ਅਸੀਂ ਸਿੰਘ ਸਾਹਿਬ ਕਹਿੰਦੇ ਹਾਂ ਕੋਲ ਨਹੀਂ ਸੀ ਬਲਕਿ ਪੰਥ ਦੇ ਸਮੂੰਚੇ ਧਰਿਸ਼ੀਆਂ ਅਤੇ ਸਬੰਧਦੀਆਂ ਦੇ ਮੁਖੀਆਂ ਵੱਲੋਂ ਅਕਾਲ ਤਖ਼ਤ 'ਤੇ ਬੈਠ ਕੇ ਨਿਰੋਲ ਪੰਥਕ ਹਿਤਾਂ ਨੂੰ ਮੁੱਖ ਰੱਖ ਕੇ ਸਾਂਝੇ ਰੂਪ ਵਿੰਚ ਸਰਬਸੰਮਤੀ ਨਾਲ ਫੈਸਲਾ ਲਿਆ ਜਾਂਦਾ ਸੀ। ਸਬੰਦਾਰ ਵੱਲੋਂ ਕੇਵਲ ਇਸ ਸਰਬ ਸੰਮਤੀ ਨਾਲ ਪਾਸ ਕੀਤੇ ਮਤੇ ਦਾ ਅਕਾਲ ਤਖ਼ਤ ਦੀ ਫਸੀਲ ਤੋਂ ਐਲਾਨ ਹੀ ਕੀਤਾ ਜਾਂਦਾ ਸੀ ਜਿਸ ਨੂੰ ਸਾਰੇ ਧੜੇ ਬਿਨਾਂ ਹੀਲ ਹੁੱਜਤ ਪ੍ਰਵਾਨ ਕਰ ਲੈਂਦੇ ਸਨ। ਅਜੇਹੇ ਫੈਸਲਿਆਂ ਸਦਕਾ ਪੰਥ ਨੇ ਅਨੇਕਾਂ ਮੱਲਾਂ ਮਾਰੀਆਂ ਪਰ ਅੱਜ ਜਿਸ ਤਰ੍ਹਾਂ ਅਕਾਲ ਤਖ਼ਤ ਦੇ ਨਾਮ ਦੀ ਦੁਰਵਰਤੋਂ ਹੋ ਰਹੀ ਹੈ ਇਸ ਤੋਂ ਕੋਈ ਵੀ ਵਿਅਕਤੀ ਅਣਜਾਣ ਨਹੀਂ ਹੈ। ਇਥੋਂ ਤੱਕ ਕਿ ਕਾਬਜ਼ ਧੜੇ (ਬਾਦਲ ਦਲ) ਦੇ ਕਾਰਸਕਾਰਨੀ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਕਰਨੈਲ ਸਿੰਘ ਪੰਜੌਲੀ ਨੇ; ਭਾਈ ਗੁਰਬਖ਼ਸ਼ ਸਿੰਘ ਦੀ ਹੜਤਾਲ ਦੇ ਸਬੰਧ ਵਿਚ ਸੰਤ ਸਮਾਜ ਅਤੇ ਅਕਾਲ ਤਖ਼ਤ ਦੇ ਸਬੰਦਾਰ ਵੱਲੋਂ ਨਿਭਾਏ ਜਾ ਰਹੇ ਨਿਰਾਜਜਨਕ ਰੋਲ ਸਬੰਧੀ 16 ਦਸੰਬਰ ਨੂੰ ਟੀਵੀ 84 'ਤੇ ਫੋਨ ਰਾਹੀਂ ਇੰਟਰਵਿਊ ਦਿੰਦੇ ਹੋਇਆ ਕਿਹਾ ਕਿ ਸਭ ਨੂੰ ਪਤਾ ਹੈ ਕਿ ਅੱਜ-ਕੱਲ੍ਹ ਸਬੰਦਾਰਾਂ ਦੀ ਨਿਯੁਕਤੀ ਅਤੇ ਬਰਖਾਸਤਗੀ ਸ਼੍ਰੋਮਣੀ ਕਮੇਟੀ ਕਿਸ ਢੰਗ ਨਾਲ ਕਰਦੀ ਹੈ। ਇਸ ਲਈ ਜਿਸ ਢੰਗ ਨਾਲ ਇਹ ਸਬੰਦਾਰ ਨਿਯੁਕਤ ਕੀਤੇ ਜਾ ਰਹੇ ਹਨ ਇਨ੍ਹਾਂ ਤੋਂ ਇਸ ਤਰ੍ਹਾਂ ਦੀ ਆਸ ਨਹੀਂ ਰੱਖੀ ਜਾ ਸਕਦੀ ਕਿ ਪੰਥਕ ਜ਼ਜ਼ਬਾਤਾਂ ਨੂੰ ਮੁੱਖ ਰੱਖਕੇ ਕੋਈ ਕਾਰਵਾਈ ਕਰ ਸਕਣ। ਸ: ਪੰਜੌਲੀ ਦੀ ਇਹ ਪੂਰੀ ਇੰਟਰਵਿਊ ਯੂਟਿਊਬ 'ਤੇ ਸੁਣੀ ਜਾ ਸਕਦੀ ਹੈ। ਜਦੋਂ ਤੋਂ ਪ੍ਰਕਾਸ਼ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ 'ਤੇ ਪੂਰੀ ਤਰ੍ਹਾਂ ਕਾਬਜ਼ ਹੋਇਆ ਹੈ ਉਸ ਸਮੇਂ ਤੋਂ ਬਾਦਲ ਜਾਂ ਇਸ ਦਲ ਦੇ ਕਿਸੇ ਪ੍ਰਮੁੱਖ ਆਗੂ ਭਾਵੇਂ ਕਿ ਉਹ ਸਿੱਖ ਰਹਿਤ ਮਰਿਆਦਾ ਤੇ ਗੁਰਮਤਿ ਅਸੂਲਾਂ ਦੀ ਜਿੰਨੀ ਮਰਜੀ ਅਵੱਜਿਆ ਕਰੀ ਜਾਣ ਵਿਰੁੱਧ ਤਾਂ ਕੋਈ ਹੁਕਮ-ਨਾਮਾ ਜਾਰੀ ਹੋਇਆ ਹੀ ਨਹੀਂ। ਪਰ ਪੰਥ ਦੀ ਚੜ੍ਹਦੀ ਕਲਾ ਲਈ ਆਮ ਸਿੱਖਾਂ ਨੂੰ ਸੰਬੋਧਿਤ ਹੁੰਦੇ ਹੋਏ ਹੁਕਮਨਾਮੇ ਜਾਰੀ ਹੋਏ ਹਨ ਜੋ ਉਹ ਬਾਦਲ ਲਈ ਲਾਗੂ ਕਰਨੇ ਉਸ ਦੇ ਸਿਆਸੀ ਹਿੱਤਾਂ ਵਿੱਚ ਨਹੀਂ ਹਨ ਤਾਂ ਉਹ ਇਸ ਨੇ ਬਿਲਕੁਲ ਨਹੀਂ ਮੰਨੇ। ਕਿਸੇ ਸਬੰਦਾਰ ਦੀ ਜੁਅੱਰਤ ਨਹੀਂ ਹੈ ਕਿ ਇਨ੍ਹਾਂ ਹੁਕਮਨਾਮਿਆਂ ਵੱਲ ਉਹ ਸ: ਬਾਦਲ ਦਾ ਧਿਆਨ ਵਿਚਾਉਣ ਲਈ ਕੁਝ ਸ਼ਬਦ ਕਹਿ ਸਕਣ। ਅਸੀਂ ਹੁਕਮਨਾਮਿਆਂ ਵਿੱਚੋਂ ਕੁਝ ਕੁ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ:

10 ਜੂਨ 1978 ਨੂੰ ਅਕਾਲ ਤਖ਼ਤ ਤੋਂ ਹੁਕਨਾਮਾ ਜਾਰੀ ਹੋਇਆ – ਇਸ ਵਿਚ ਦੇਸ਼ ਵਿਦੇਸ਼ ਵਿਚ ਵਸਦੀ ਸਿੱਖ ਕੌਮ ਨੂੰ ਨਕਲੀ ਨਿਰੰਕਾਰੀਆਂ ਨਾਲ ਰੋਟੀ-ਬੇਟੀ ਦੀ ਸਾਂਝ ਖ਼ਤਮ ਕਰਨ ਲਈ ਕਿਹਾ ਸੀ। ਆਪਣੇ ਆਪ ਨੂੰ ਪੰਥ ਕਹਾਉਣ ਵਾਲਿਆਂ ਦੀ ਸਰਕਾਰ ਨੇ 17 ਜੂਨ 1978 ਨੂੰ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਕਰਕੇ ਕਿਹਾ ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮਾ ਉਨ੍ਹਾਂ ਸਿੱਖਾਂ ਲਈ ਹੈ ਜਿਨ੍ਹਾਂ ਦਾ ਅਕਾਲ ਤਖ਼ਤ ਤੋਂ ਵਿਸ਼ਵਾਸ਼ ਹੈ। ਸਾਡੇ ਅਤੇ ਸਾਡੀ ਸਰਕਾਰ ਦੇ ਕੰਮ ਕਾਜ ਉਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ।

13 ਸਿੱਖਾਂ ਦੇ ਕਤਲੇਆਮ ਤੋਂ ਬਾਅਦ ਨਿਰੰਕਾਰੀਆਂ ਨੇ ਅਗਲਾ ਇਕੱਠ 27 ਅਗਸਤ 1979 ਨੂੰ ਕਰਨ ਦਾ ਐਲਾਨ ਕਰ ਦਿੱਤਾ। 25 ਅਗਸਤ ਨੂੰ ਬਾਦਲ ਨੇ ਅੰਮ੍ਰਿਤਸਰ ਦੇ ਪ੍ਰਸ਼ਾਸ਼ਨ ਨੂੰ ਸਖ਼ਤ ਹਦਾਇਤ ਕੀਤੀ ਕਿ ਨਿਰੰਕਾਰੀਆਂ ਦੇ ਸਮਾਗਮ ਨੂੰ ਰੋਕਣ ਵਾਲਿਆਂ 'ਤੇ ਸਖ਼ਤੀ ਕੀਤੀ ਜਾਵੇ ਤੇ ਸਰਕਾਰ ਦਾ ਫਰਜ਼ ਕਾਇਮ ਰੱਖਿਆ ਜਾਵੇ। ਅਕਾਲ ਤਖ਼ਤ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਸੱਦਿਆ ਤਾਂ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਦੇ ਹੁੱਦਿਆਂ ਮੈਂ ਅਕਾਲ ਤਖ਼ਤ 'ਤੇ ਪੇਸ਼ ਨਹੀਂ ਹੋ ਸਕਦਾ।

13 ਅਪ੍ਰੈਲ 1994 ਨੂੰ ਅਕਾਲ ਤਖ਼ਤ ਦੇ ਜਥੇਦਾਰ ਪ੍ਰੋ: ਮਨਜੀਤ ਸਿੰਘ ਨੇ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਨੂੰ ਹੁਕਨਾਮਾ ਜਾਰੀ ਕੀਤਾ ਕਿ ਉਹ ਅਕਾਲ ਤਖ਼ਤ ਦੀ ਵਫ਼ਾਦਾਰੀ ਲਈ ਆਪਣੇ ਅਸਤੀਫੇ ਲਿਖ ਕੇ ਭੇਜਣ। ਬਾਕੀ ਦਲਾਂ ਦੇ ਪ੍ਰਧਾਨਾਂ ਨੇ ਤਾਂ ਅਸਤੀਫੇ ਦੇ ਦਿੱਤੇ ਪਰ ਜਿਹੜੇ ਅੱਜ ਕਹਿੰਦੇ ਹਨ ਅਕਾਲ ਤਖ਼ਤ ਮਹਾਨ ਹੈ ਤੇ ਅਸੀਂ ਹੀ ਪੰਥ ਹਾਂ ਉਸ ਨੇ ਚਿੱਠੀ ਲਿਖ ਦਿੱਤੀ ਕਿ ਅਕਾਲ ਤਖ਼ਤ ਦਾ ਹੁਕਨਾਮਾ ਮੰਨਣਯੋਗ ਨਹੀਂ ਹੈ ਤੁਸੀਂ ਦਖ਼ਲਅੰਦਾਜ਼ੀ ਨਾ ਕਰੋ। ਅਖੀਰ ਜੇ ਸੰਗਤਾਂ ਦੇ ਦਬਾਅ ਹੇਠ ਆਣਾ ਹੀ ਪਿਆ ਤਾਂ ਸੌਕੜੇ ਸਮੱਸਯਕਾਂ ਨਾਲ ਜਾ ਕੇ ਉਥੇ ਅਕਾਲ ਤਖ਼ਤ ਤੇ ਇਸ ਦੇ ਜਥੇਦਾਰ ਦੀ ਬੇਅਦਬੀ ਕੀਤੀ।

2 ਮਈ 1994 ਨੂੰ ਪ੍ਰੋ: ਮਨਜੀਤ ਸਿੰਘ ਨੇ ਸਾਰੇ ਅਕਾਲੀ ਦਲ ਭੰਗ ਕਰਕੇ ਅਕਾਲ ਤਖ਼ਤ ਤੋਂ ਇੱਕ ਨਵਾਂ ਅਕਾਲੀ ਦਲ ਕਾਇਮ ਕਰਨ ਦਾ ਐਲਾਨ ਕਰ ਦਿੱਤਾ ਜਿਸ ਦਾ ਨਾਮ ਰੱਖਿਆ ਗਿਆ 'ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ'। ਸ: ਬਾਦਲ ਨੇ ਇਸ ਦਾ ਵਿਰੋਧ ਕਰਨ ਵਾਲੇ ਪਹਿਲੇ ਵਿਅਕਤੀ ਸਨ ਤੇ ਉਨ੍ਹਾਂ ਨੇ ਅੱਜ ਤੱਕ ਅਕਾਲ ਤਖ਼ਤ ਦੇ ਉਸ ਐਲਾਨ ਨਾਮੇਂ ਨੂੰ ਨਹੀਂ ਮੰਨਿਆ।

31 ਦਸੰਬਰ 1998 ਨੂੰ ਅਕਾਲ ਤਖ਼ਤ ਤੋਂ ਸਬੰਦਾਰ ਭਾਈ ਰਣਜੀਤ ਸਿੰਘ ਨੇ ਹੁਕਮਨਾਮਾ ਜਾਰੀ ਕੀਤਾ ਕਿ 300 ਸਾਲਾ ਸ਼ਤਾਬਦੀ ਮਿਲ ਜੁਲ ਕੇ ਮਨਾਈ ਜਾਵੇ। ਇਹ ਹੁਕਮਨਾਮਾ ਪੰਥ ਦੇ ਹਿੱਤ ਵਿਚ ਸੀ ਪਰ ਅਕਾਲ ਤਖ਼ਤ ਨੂੰ ਮਹਾਨ ਕਹਿਣ ਵਾਲਿਆਂ ਨੇ ਇਹ ਹੁਕਨਾਮਾ ਮੰਨਣ ਦੀ ਥਾਂ ਭਾਈ ਰਣਜੀਤ ਸਿੰਘ ਨੂੰ ਸਬੰਦਾਰੀ ਤੋਂ ਹਟਾ ਦਿੱਤਾ ਤੇ ਪੰਥ ਵਿਚ ਫੁੱਟ ਪਾਈ। ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸਬੰਦਾਰੀ ਦਾ ਅਹੁੱਦਾ ਸੰਭਾਲਣ ਪਿੱਛੋਂ ਸਭ ਤੋਂ ਪਹਿਲਾ ਹੁਕਨਾਮਾ 29 ਮਾਰਚ 2000 ਨੂੰ ਜਾਰੀ ਕੀਤਾ ਜਿਸ ਦੇ ਪਹਿਲੇ ਹਿੱਸੇ ਵਿੱਚ ਗਿਆਨੀ ਪੂਰਨ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜੰਗੀਰ ਕੌਰ, ਦੋ ਤਖ਼ਤਾਂ ਦੇ ਸਬੰਦਾਰ ਗਿਆਨੀ ਕੇਵਲ ਸਿੰਘ ਤੇ ਪ੍ਰੋ: ਮਨਜੀਤ ਸਿੰਘ, ਅਕਾਲ ਤਖ਼ਤ ਦੇ ਹੌਡ ਗ੍ਰੰਥੀ ਗਿਆਨੀ ਭਗਵਾਨ ਸਿੰਘ, ਕਾਰਸਕਾਰੀ ਕਮੇਟੀ ਮੈਂਬਰ ਪ੍ਰੀਤਮ ਸਿੰਘ ਭਾਟੀਆ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ, ਗੁਰਪਾਲ ਸਿੰਘ, ਰਘੁਜੀਤ ਸਿੰਘ ਅਤੇ ਸਤਿਨਾਮ ਸਿੰਘ ਭਾਈਗੁਪਾ ਨੂੰ ਪੰਥ ਵਿੱਚੋਂ ਛੇਕੇ ਜਾਣ ਵਾਲੇ ਹੁਕਨਾਮੀਆਂ ਸਮੇਤ ਉਸ ਵੱਲੋਂ ਜਾਰੀ ਕੀਤੇ ਸਾਰੇ ਹੁਕਨਾਮੇ ਰੱਦ ਕੀਤੇ ਗਏ। ਦੂਜੇ ਹਿੱਸੇ ਵਿੱਚ ਸ਼੍ਰੋਮਣੀ ਕਮੇਟੀ ਨੂੰ ਹਾਦਾਇਤਾਂ ਕੀਤੀਆਂ ਗਈਆਂ ਜੋ ਹੇਠ ਲਿਖੀਆਂ ਹਨ:-

1. ਜਲਈ ਤੋਂ ਜਲਈ ਗੁਰਮਤਿ ਸੇਧ ਵਾਲੇ ਮਾਹਿਰਾਂ ਦੀ ਕਮੇਟੀ ਦੀ ਸਥਾਪਨਾ ਕਰਕੇ ਤਖ਼ਤ ਸਾਹਿਬਾਨ ਦੇ ਜਥੇਦਾਰ ਅਤੇ ਮੁੱਖ ਗ੍ਰੰਥੀ ਸਾਹਿਬਾਨ ਦੇ ਸੰਜਮ ਨਿਯਮ, ਜਿਵੇਂ ਨਿਯੁਕਤੀ ਲਈ ਯੋਗਤਾਵਾਂ, ਉਨ੍ਹਾਂ ਦਾ ਕਾਰਜ ਖੇਤਰ, ਕਾਰਜਵਿਧੀ, ਅਧਿਕਾਰ ਅਤੇ ਜਿੰਮੇਵਾਰੀਆਂ, ਸੰਥਾ ਮੁਕਤੀ ਆਦਿ ਦੇ ਨਿਯਮ ਨਿਰਧਾਰਤ ਕੀਤੇ ਜਾਣ ਅਤੇ ਇਸ ਦੇ ਨਾਲ ਹੀ ਸਮੇਂ ਸਮੇਂ ਪੰਥ ਆਉਣ ਵਾਲੀਆਂ ਪੰਥਕ ਸਮੱਸਿਆਵਾਂ ਦੇ ਸਮਾਧਾਨ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤੇ ਜਾਣ ਦਾ ਸਪੱਸ਼ਟ ਵਿਧੀ ਵਿਧਾਨ ਨਿਸਚਤ ਕੀਤਾ ਜਾਵੇ ਤਾਂ ਜੋ ਭਵਿੱਖ ਵਿਚ ਕਿਸੇ ਵੱਲੋਂ ਵੀ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਨਿਜੀ ਹਿੱਤਾਂ ਲਈ ਵਰਤੋਂ ਦੀ ਸੰਭਾਵਨਾ ਹੀ ਨਾ ਰਹੇ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮੇਂ ਸਮੇਂ ਜਾਰੀ ਕੀਤੇ ਹੁਕਮਨਾਮਿਆਂ ਦੀ ਮਾਣਤਾ ਅਤੇ ਪਵਿੱਤਰਤਾ ਕਾਇਮ ਰਹੇ।

2. ਗੁਰਦੁਆਰ ਐਕਟ ਨੂੰ ਬਣਿਆ ਪੌਣੀ ਸਦੀ ਹੋ ਚੁੱਕੀ ਹੈ। ਸਮੇਂ ਦੀ ਪ੍ਰਚਲਨ ਲੋੜ ਹੈ ਕਿ ਗੁਰਦੁਆਰਾ ਪ੍ਰਬੰਧ ਨੂੰ ਪੰਥਕ ਜੁਗਤ ਦੇ ਅਨੁਸਾਰੀ ਬਣਾਉਣ ਲਈ ਇਸ ਐਕਟ ਅਧੀਨ ਬੀਤੇ ਸਮੇਂ ਵਿੱਚ ਹੋਈ ਲਾਭ ਹਾਨੀ ਦਾ ਲੇਖਾ-ਜੋਖਾ ਕੀਤਾ ਜਾਵੇ ਅਤੇ ਐਕਟ ਵਿੱਚ ਪੰਥਕ ਹਿਤਾਂ ਤੋਂ ਉਲਟ ਜੋ ਕਰ ਕੇਵੀ ਹਾਰਾ ਹੈ ਤਾਂ ਉਸ ਦੀ ਸੋਧ ਲਈ ਉਪਰਾਲਾ ਕੀਤਾ ਜਾਵੇ।

3. ਗੁਰਦੁਆਰਾ ਪ੍ਰਬੰਧ ਨੂੰ ਸਿਆਸਤ ਦੀ ਕੁਟਿਲਤਾ ਦੇ ਪ੍ਰਭਾਵ ਤੋਂ ਪਾਕ ਰੱਖਣ ਨੂੰ ਯਕੀਨੀ ਬਣਾਇਆ ਜਾਵੇ।

4. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਤਖ਼ਤ ਸਾਹਿਬਾਨ ਆਪੋ ਆਪਣੀ ਥਾਵੇਂ ਪੰਥ ਦੀਆਂ ਗੌਰਵਸ਼ਲੀ ਸੰਸਥਾਵਾਂ ਹਨ। ਇਨ੍ਹਾਂ ਸੰਸਥਾਵਾਂ ਦੇ ਸੇਵਾਦਾਰਾਂ ਨੂੰ ਗੁਰੂ ਪੰਥ ਵੱਲੋਂ ਸੌਪੀ ਹੋਈ ਜਿੰਮੇਵਾਰ ਪ੍ਰਮਪਰ ਸਤਿਕਾਰ ਅਤੇ ਮਿਲਵਰਤਣ ਦੀ ਭਾਵਨਾ ਅਧੀਨ ਨਿਭਾਅ ਕੇ ਗੁਰੂ ਪੰਥ ਵੱਲੋਂ ਸੁਰਖੁਰੂ ਹੋਣਾ ਚਾਹੀਦਾ ਹੈ। ਬਾਦਲ ਦਲ ਨੂੰ ਉਕਤ ਹੁਕਮਨਾਮੇ ਦਾ ਪਹਿਲਾ ਹਿੱਸਾ ਤਾਂ ਇੰਟ ਬੈਠਦਾ ਸੀ ਕਿਉਂਕਿ ਇਹ ਹਿੱਸਾ ਉਸ ਦੇ ਆਪਣੇ ਸੀਨੇਸੰਕ ਆਗੂਆਂ ਨੂੰ ਦੇਸ਼ ਮੁਕਤ ਕਰਦਾ ਸੀ; ਇਸ ਲਈ ਇਸ ਨੂੰ ਤਾਂ ਹੁਬਹੂ ਮੰਨ ਲਿਆ। ਦੂਜਾ ਹਿੱਸੇ, ਜਿਸ ਵਿਚ ਜੋ ਸ਼੍ਰੋਮਣੀ ਕਮੇਟੀ ਨੂੰ 4 ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਇਹ ਕਿਉਂਕਿ ਪੰਥਕ ਹਿਤਾਂ ਵਿਚ ਤਾਂ ਸਨ ਪਰ ਇਹ ਮੰਨਣ ਨਾਲ ਇਸ ਦਲ ਦੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ 'ਤੇ ਆਪਣੀ ਇਜਾਰੇਦਾਰੀ ਖ਼ਤਮ ਹੁੰਦੀ ਸੀ ਇਸ ਲਈ ਇਹ ਅੱਜ ਤੱਕ ਨਹੀਂ ਮੰਨੀਆਂ। ਇਸ ਤੋਂ ਪਤਾ ਲਗਦਾ ਹੈ ਕਿ ਬਾਦਲ ਅਤੇ ਇਸ ਦਾ ਦਲ ਅਕਾਲ ਤਖ਼ਤ ਨੂੰ ਕਿੰਨਾ ਕੁ ਸਮਰਪਤ ਅਤੇ ਵਫ਼ਾਦਾਰ ਹੈ।

7 ਦਸੰਬਰ 2000 ਦੀ ਪੰਜਾਬੀ ਟ੍ਰਿਬਿਊਨ ਦੀ ਖ਼ਬਰ ਅਨੁਸਾਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਨੇ ਹੁਕਨਾਮਾ ਜਾਰੀ ਕੀਤਾ ਕਿ ਅਖ਼ਬਾਰਾਂ ਦੀ ਸ਼ਹੀਦੀ ਦਿਹਾੜੇ ਪੰਥਕ ਮਰਿਆਦਾ ਅਨੁਸਾਰ ਗੁਰਬਾਣੀ ਤੇ ਸਾਹਿਬਜ਼ਾਦਿਆਂ ਦੇ ਇਤਿਹਾਸ ਦੇ ਪ੍ਰਚਾਰ ਲਈ ਮਨਾਏ ਜਾਣ ਤੇ ਇਸ ਨੂੰ ਸਿਆਸੀ ਬਿਆਨਬਾਜ਼ੀ ਲਈ ਨਾ ਵਰਤਿਆ ਜਾਵੇ। ਪਰ ਇਸ ਅਹਿਮ ਕੌਮੀ ਇਤਿਹਾਸਕ ਦਿਹਾੜੇ 'ਤੇ ਪੰਥਕ ਕਹਾਉਣ ਵਾਲਿਆਂ ਸਮੇਤ ਕਿਸੇ ਨੇ ਵੀ ਇਹ ਹੁਕਨਾਮਾ ਨਾ ਮੰਨਿਆ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਕਾਲ ਤਖ਼ਤ ਮਹਾਨ ਹੈ ਪਰ ਅਸਲ ਵਿਚ ਮਹਾਨ ਤਾਂ ਹੀ ਜੋ ਇਸ ਨੂੰ ਮਹਾਨ ਕਹਿਣ ਵਾਲੇ, ਆਪ ਨੂੰ ਪੰਥ ਕਹਾਉਣ ਵਾਲੇ ਵੀ ਇਸ ਨੂੰ ਮੰਨਣ। ਉਕਤ ਕੁਝ ਕੁ ਹੁਕਮ-ਨਾਮੇ ਉਦਾਹਰਣ ਵਜੋਂ ਦਿੱਤੇ ਗਏ ਹਨ ਪੂਰੀ ਛਾਣਬੀਣ ਕੀਤੀ ਜਾਵੇ ਤਾਂ ਇਸ ਤਰ੍ਹਾਂ ਦੇ ਅਨੇਕਾਂ ਹੁਕਮਨਾਮੇ ਹੋਰ ਹਨ ਜਿਨ੍ਹਾਂ ਨੂੰ ਇਨ੍ਹਾਂ ਨੇ ਕਦੀ ਨਹੀਂ ਮੰਨਿਆਂ ਤੇ ਨਾ ਹੀ ਕਦੀ ਮੰਨਣਗੇ। ਇਨ੍ਹਾਂ ਲਈ ਜਦੋਂ ਲੋੜ ਪਵੇ ਉਸ ਸਮੇਂ ਅਕਾਲ ਤਖ਼ਤ ਮਹਾਨ ਹੈ' ਦੇ ਉਚੇ ਨਾਹਰੇ ਲਾ ਲੈਂਦੇ ਹਨ ਪਰ ਆਪ ਅਕਾਲ ਤਖ਼ਤ ਦਾ ਕੋਈ ਹੁਕਮ-ਨਾਮਾ ਨਹੀਂ ਮੰਨਦੇ। ਕੀ ਉਕਤ ਸਾਰੇ ਹੁਕਨਾਮੇ ਨਾ ਮੰਨਣਵਾਲੇ ਵੀ ਆਪਣੇ ਆਪ ਨੂੰ ਪੰਥ ਦਾ ਸਿਰਮੌਰ ਅੰਗ ਜਾਂ ਅਕਾਲੀ ਕਹਾਉਣ ਦੇ ਹੱਕਦਾਰ ਹਨ? ਇਨ੍ਹਾਂ ਲਈ ਸਿਰਫ਼ ਉਹ ਹੁਕਮਨਾਮੇ ਹੀ ਮਹਾਨ ਹਨ ਜਿਸ ਰਾਹੀਂ ਪ੍ਰੋ: ਦਰਸ਼ਨ ਸਿੰਘ ਦੀ ਸੋਚ ਦੀ ਅਵਾਜ਼ ਦਬਾਉਣ ਲਈ ਉਸ ਨੂੰ ਪੰਥ ਵਿੱਚੋਂ ਛੇਕਿਆ ਗਿਆ ਹੈ ਜਾਂ ਬਾਦਲ ਦੀ ਵੀਚਾਰਧਾਰਕ ਵਿਰੋਧੀ ਸਰਨਾ ਭਰਾਵਾਂ ਜਾਂ ਜਰਨੈਲ ਸਿੰਘ ਭੌਡਾ ਆਦਿ ਨੂੰ ਨੁੱਕਰੇ ਲਾਉਣ ਲਈ ਜਾਰੀ ਕੀਤੇ ਗਏ ਹੋਣ ਜਾਂ ਖ਼ਾਲਸਾ ਪੰਥ ਦੀ ਨਿਆਰੀ ਹੋਂਦ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਦਾ ਕਤਲ ਕਰਨ ਲਈ ਜਾਰੀ ਕੀਤੇ ਗਏ ਹੋਣ।

ਆਓ ਹੁਣ ਦੇਖੀਏ ਕਿ ਪੰਥ ਦੋਖੀ ਦੱਸ ਕੇ ਅਕਾਲ ਤਖ਼ਤ ਸਾਹਿਬ ਤੋਂ ਛੇਕੇ ਪ੍ਰੋ: ਦਰਸ਼ਨ ਸਿੰਘ ਜਾਂ ਅਕਾਲ ਤਖ਼ਤ ਤੋਂ ਅਕਾਲ ਤਖ਼ਤ ਦੇ ਜਥੇਦਾਰ ਸੰਤ ਸਮਾਜ ਤੇ ਬਾਦਲ ਦਲ ਵੱਲੋਂ ਜਸਾਵਾਂ ਪੁਰੀਆਂ ਕਰ ਚੁੱਕੇ ਸਿੰਘਾਂ ਨੂੰ ਗਿਹਾਜ ਕਰਵਾਉਣ ਲਈ ਭਾਈ ਗੁਰਬਖ਼ਸ਼ ਸਿੰਘ ਵੱਲੋਂ ਰੰਧੀ ਭੁੱਖ ਹੜਤਾਲ ਨੂੰ ਕਿਤਨਾ ਕਿਤਨਾ ਸਮਰਥਨ ਦਿੱਤਾ ਹੈ। ਅਕਾਲ ਤਖ਼ਤ ਤੇ ਸਬੰਦਾਰ ਗਿਆਨੀ ਗੁਰਬਚਨ ਸਿੰਘ ਅਤੇ ਸੰਤ ਸਮਾਜ ਦੇ ਆਗੂਆਂ ਨੇ ਭਾਈ ਗੁਰਬਖ਼ਸ਼ ਸਿੰਘ ਦੀ ਭੁੱਖ ਹੜਤਾਲ ਨੂੰ ਗੁਰਮਤਿ ਵਿਰੋਧੀ ਦੱਸ ਕੇ ਭੁੱਖ ਹੜਤਾਲ ਨੂੰ ਖ਼ਤਮ ਕਰਨ ਦੀਆਂ ਸਲਾਹਾਂ

Page 1 2 3 4 5 6 7 8 9 10 11 12 13 14 15 16